شعبہ پریس اینڈ میڈیا بھارت
**Office Press & Media**
Ahmadiyya Muslim Jama'at India,
Qadian-143516, Distt.Gurdaspur, Punjab, India.
Mobile: +91-99887 57988
Email: pressamjindia@gmail.com
Tel: +91-1872-500282
ahmadiyya_press ahmadiyyapressindia

( A Registered Religious and Charitable Society in India under the Societies Registration Act XXI 1860 )

زیر حوالہ/Ref **SPM-173**
تاریخ/Date **12-8-2026**

# 60ਵੀਂ ਜਲਸਾ ਸਾਲਾਨਾ ਯੂਕੇ: ਹਜ਼ਰਤ ਮਿਰਜ਼ਾ ਮਸਰੂਰ ਅਹਮਦ ਸਾਹਿਬ ਨੇ ਬਰਤਾਨੀਆ ਦੇ ਸਭ ਤੋਂ ਵੱਡੇ ਅਤੇ ਸਭ ਤੋਂ ਪੁਰਾਣੇ ਮੁਸਲਿਮ ਸੰਮੇਲਨ ਦੌਰਾਨ ਵਿਸ਼ਵ ਅਮਨ ਅਤੇ ਇਨਸਾਫ਼ ਦੀ ਅਪੀਲ ਕੀਤੀ।

***"ਸਾਰੀ ਦੁਨੀਆ ਦੇ ਅਮਨ ਅਤੇ ਸੁਰੱਖਿਆ ਲਈ ਦੁਆ ਕਰੋ ਅਤੇ ਮੁਸਲਮਾਨਾਂ ਦੇ ਬਚਾਅ ਅਤੇ ਸੁਰੱਖਿਆ ਲਈ ਵੀ ਦੁਆ ਕਰੋ। ਅੱਲਾਹ ਤਆਲਾ ਹਰ ਅਹਮਦੀ ਨੂੰ ਇਹ ਸਮਰੱਥਾ ਬਖ਼ਸ਼ੇ ਕਿ ਉਹ ਦੁਨੀਆ ਵਿੱਚ ਇੱਕੋ-ਇੱਕ ਅੱਲਾਹ ਦੀ ਹਕੂਮਤ ਕਾਇਮ ਕਰਨ ਅਤੇ ਦੁਨੀਆ ਭਰ ਵਿੱਚ ਅਮਨ ਅਤੇ ਸੁਰੱਖਿਆ ਫੈਲਾਉਣ ਵਿੱਚ ਆਪਣਾ ਪੂਰਾ ਹਿੱਸਾ ਪਾ ਸਕੇ। ਅੱਲਾਹ ਸਾਨੂੰ ਸਾਰਿਆਂ ਨੂੰ ਅਜਿਹਾ ਕਰਨ ਦੀ ਤੌਫ਼ੀਕ ਬਖ਼ਸ਼ੇ।" — ਹਜ਼ਰਤ ਮਿਰਜ਼ਾ ਮਸਰੂਰ ਅਹਮਦ ਸਾਹਿਬ***

24 ਤੋਂ 26 ਜੁਲਾਈ 2026 ਤੱਕ ਜਮਾਤ ਅਹਮਦੀਆ ਮੁਸਲਿਮਾ ਯੂਕੇ ਦੀ 60ਵੀਂ ਜਲਸਾ ਸਾਲਾਨਾ (ਸਾਲਾਨਾ ਸੰਮੇਲਨ) ਹਦੀਕਤੁਲ ਮਹਦੀ, ਆਲਟਨ, ਹੈਮਪਸ਼ਾਇਰ ਵਿੱਚ ਆਯੋਜਿਤ ਹੋਈ। ਤਿੰਨ ਦਿਨਾਂ ਦੇ ਇਸ ਸੰਮੇਲਨ ਵਿੱਚ ਦੁਨੀਆ ਭਰ ਤੋਂ ਲੋਕ ਸ਼ਾਮਲ ਹੋਏ, ਜਿਸ ਵਿੱਚ 117 ਦੇਸ਼ਾਂ ਦੀ ਨੁਮਾਇੰਦਗੀ ਸੀ ਅਤੇ ਇਸਨੂੰ ਐਮ.ਟੀ.ਏ. ਇੰਟਰਨੈਸ਼ਨਲ ਰਾਹੀਂ ਦੁਨੀਆ ਭਰ ਵਿੱਚ ਸਿੱਧਾ ਪ੍ਰਸਾਰਿਤ ਕੀਤਾ ਗਿਆ।

ਸੰਮੇਲਨ ਦੌਰਾਨ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਸਾਹਿਬ, ਜਮਾਤ ਅਹਮਦੀਆ ਮੁਸਲਿਮਾ ਦੇ ਵਿਸ਼ਵ ਮੁਖੀ, ਨੇ ਪੰਜ ਸੰਬੋਧਨ ਕੀਤੇ। ਇਨ੍ਹਾਂ ਵਿੱਚ ਉਨ੍ਹਾਂ ਨੇ ਮੁਸਲਮਾਨਾਂ ਨੂੰ ਅੱਲਾਹ ਨਾਲ ਆਪਣਾ ਰਿਸ਼ਤਾ ਹੋਰ ਮਜ਼ਬੂਤ ਕਰਨ, ਮਨੁੱਖਤਾ ਦੇ ਹੱਕ ਅਦਾ ਕਰਨ, ਝੂਠ ਦੇ ਮੁਕਾਬਲੇ ਸੱਚਾਈ ਨੂੰ ਕਾਇਮ ਰੱਖਣ ਅਤੇ ਦੁਨੀਆ ਦੇ ਹਰ ਹਿੱਸੇ ਵਿੱਚ ਅਮਨ ਲਈ ਕੰਮ ਕਰਨ ਦੀ ਤਾਕੀਦ ਕੀਤੀ।

ਕਾਰਵਾਈ ਦਾ ਆਗਾਜ਼ ਸ਼ੁੱਕਰਵਾਰ ਨੂੰ ਹਜ਼ੂਰ ਅਨਵਰ ਵੱਲੋਂ ਹਦੀਕਤੁਲ ਮਹਦੀ ਤੋਂ ਦਿੱਤੇ ਗਏ ਹਫ਼ਤਾਵਾਰੀ ਜੁਮੇ ਦੇ ਖ਼ੁਤਬੇ ਨਾਲ ਹੋਇਆ। ਹਜ਼ੂਰ ਅਨਵਰ ਨੇ ਸਾਰੇ ਸ਼ਾਮਲ ਹੋਣ ਵਾਲਿਆਂ ਨੂੰ ਯਾਦ ਦਿਵਾਇਆ ਕਿ ਜਲਸਾ ਸਾਲਾਨਾ ਦਾ ਮਕਸਦ ਰੂਹਾਨੀ ਅਤੇ ਨੈਤਿਕ ਸੁਧਾਰ ਹੈ। ਉਨ੍ਹਾਂ ਨੇ ਮਹਿਮਾਨਾਂ ਅਤੇ ਸੇਵਾਦਾਰਾਂ ਨੂੰ ਸਬਰ ਅਤੇ ਨਿਸ਼ਕਾਮ ਸੇਵਾ ਦਾ ਪ੍ਰਦਰਸ਼ਨ ਕਰਨ ਦੀ ਤਾਕੀਦ ਕੀਤੀ ਅਤੇ ਸਾਰੇ ਹਾਜ਼ਰੀਨ ਨੂੰ ਇੱਕ-ਦੂਜੇ ਨਾਲ ਪਿਆਰ ਨਾਲ ਮਿਲਣ ਦੀ ਨਸੀਹਤ ਕੀਤੀ।

ਇਸ ਇਕੱਠ ਦੇ ਕੇਂਦਰੀ ਮਕਸਦ ਦੀ ਵਿਆਖਿਆ ਕਰਦਿਆਂ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਸਾਹਿਬ ਨੇ ਫਰਮਾਇਆ:

*"ਜ਼ਰੂਰੀ ਗੱਲ ਉਹ ਰੂਹਾਨੀ ਖੁਰਾਕ ਹੈ ਜਿਸ ਲਈ ਅਸੀਂ ਜਲਸੇ ਵਿੱਚ ਆਏ ਹਾਂ ਅਤੇ ਸਾਨੂੰ ਇੱਥੇ ਆਪਣੀ ਰੂਹਾਨੀ ਜ਼ਿੰਦਗੀ ਨੂੰ ਬਿਹਤਰ ਬਣਾਉਣ ਵੱਲ ਵਧੇਰੇ ਧਿਆਨ ਦੇਣਾ ਚਾਹੀਦਾ ਹੈ।"*

ਹਜ਼ੂਰ ਅਨਵਰ ਨੇ ਇਹ ਵੀ ਜ਼ੋਰ ਦਿੱਤਾ ਕਿ ਨਾ ਤਾਂ ਕੌਮੀਅਤ ਅਤੇ ਨਾ ਹੀ ਸਮਾਜਿਕ ਹੈਸੀਅਤ ਕਿਸੇ ਵਿਅਕਤੀ ਨੂੰ ਦੂਜੇ ਉੱਤੇ ਕੋਈ ਤਰਜੀਹ ਦਿੰਦੀ ਹੈ। ਉਨ੍ਹਾਂ ਨੇ ਫਰਮਾਇਆ ਕਿ ਸਾਰੇ ਸ਼ਾਮਲ ਹੋਣ ਵਾਲੇ ਹਜ਼ਰਤ ਮਸੀਹ ਮੌਊਦ ਅਲੈਹਿਸ ਸਲਾਮ ਦੇ ਬਰਾਬਰ ਮਹਿਮਾਨ ਹਨ ਅਤੇ ਉਨ੍ਹਾਂ ਨੂੰ ਪ੍ਰਬੰਧਾਂ ਵਿੱਚ ਪੂਰਾ ਸਹਿਯੋਗ ਦੇਣਾ, ਸਫ਼ਾਈ ਕਾਇਮ ਰੱਖਣਾ ਅਤੇ ਜਲਸੇ ਦੇ ਅਨੁਸ਼ਾਸਨ ਅਤੇ ਅਮਨ ਭਰੇ ਮਾਹੌਲ ਨੂੰ ਕਾਇਮ ਰੱਖਣਾ ਚਾਹੀਦਾ ਹੈ।

ਬਾਅਦ ਵਿੱਚ ਸ਼ੁੱਕਰਵਾਰ ਨੂੰ ਹਜ਼ੂਰ ਅਨਵਰ ਨੇ ਝੰਡਾ ਲਹਿਰਾਉਣ ਦੀ ਰਸਮ ਵਿੱਚ ਸ਼ਿਰਕਤ ਕੀਤੀ। ਜਮਾਤ ਅਹਮਦੀਆ ਮੁਸਲਿਮਾ ਦਾ ਝੰਡਾ ਅਤੇ ਯੂਨੀਅਨ ਜੈਕ ਇਕੱਠੇ ਲਹਿਰਾਏ ਗਏ, ਜੋ ਧਰਮ ਅਤੇ ਵਤਨ ਨਾਲ ਵਫ਼ਾਦਾਰੀ ਅਤੇ ਪਿਆਰ ਦੀ ਨਿਸ਼ਾਨੀ ਸਨ। ਇਸ ਤੋਂ ਬਾਅਦ ਹਜ਼ੂਰ ਅਨਵਰ ਨੇ ਦੁਆ ਕਰਵਾਈ ਅਤੇ ਫਿਰ ਜਲਸਾ ਸਾਲਾਨਾ ਦੇ ਰਸਮੀ ਉਦਘਾਟਨੀ ਸੰਬੋਧਨ ਲਈ ਤਸ਼ਰੀਫ਼ ਲੈ ਗਏ।

ਆਪਣੇ ਉਦਘਾਟਨੀ ਸੰਬੋਧਨ ਵਿੱਚ ਹਜ਼ੂਰ ਅਨਵਰ ਨੇ **ਤਕ਼ਵਾ**, ਅਰਥਾਤ ਸੱਚੀ ਨੇਕਸਿਰਤੀ, ਬਾਰੇ ਗੱਲ ਕਰਦਿਆਂ ਫਰਮਾਇਆ ਕਿ ਈਮਾਨ ਨੂੰ ਸਿਰਫ਼ ਜ਼ਾਹਰੀ ਦਾਅਵਿਆਂ ਜਾਂ ਦਿਖਾਵੇ ਤੱਕ ਸੀਮਿਤ ਨਹੀਂ ਕੀਤਾ ਜਾ ਸਕਦਾ। ਸਗੋਂ ਸੱਚਾ ਈਮਾਨ ਇਸ ਗੱਲ ਦਾ ਤਕਾਜ਼ਾ ਕਰਦਾ ਹੈ ਕਿ ਇਨਸਾਨ ਅੱਲਾਹ ਦੇ ਹੱਕਾਂ ਅਤੇ ਉਸ ਦੀ ਮਖ਼ਲੂਕ ਦੇ ਹੱਕਾਂ ਨੂੰ ਅਦਾ ਕਰੇ ਅਤੇ ਨਿੱਜੀ ਜ਼ਿੰਦਗੀ ਵਿੱਚ ਵੀ ਉਹੀ ਉੱਚੇ ਅਖ਼ਲਾਕ ਕਾਇਮ ਰੱਖੇ ਜੋ ਉਹ ਜਨਤਕ ਤੌਰ ’ਤੇ ਦਿਖਾਉਂਦਾ ਹੈ।

**ਹਜ਼ਰਤ ਮਿਰਜ਼ਾ ਮਸਰੂਰ ਅਹਮਦ ਸਾਹਿਬ** ਨੇ ਫਰਮਾਇਆ:

***"ਜੇ ਅਸੀਂ ਕਾਮਯਾਬੀ ਹਾਸਲ ਕਰਨੀ ਹੈ, ਆਪਣੀ ਇਸਲਾਹ ਕਰਨੀ ਹੈ, ਅੱਲਾਹ ਤਆਲਾ ਦੇ ਨੇੜੇ ਹੋਣਾ ਹੈ ਅਤੇ ਸੱਚੇ ਅਰਥਾਂ ਵਿੱਚ ਅਹਮਦੀ ਮੁਸਲਮਾਨ ਬਣਨਾ ਹੈ, ਤਾਂ ਇਹ ਬਹੁਤ ਜ਼ਰੂਰੀ ਹੈ ਕਿ ਅਸੀਂ ਆਪਣੀ ਪੂਰੀ ਤਾਕਤ ਨਾਲ ਨੇਕੀ ਦੇ ਰਾਹਾਂ ’ਤੇ ਚੱਲਣ ਦੀ ਕੋਸ਼ਿਸ਼ ਕਰੀਏ, ਕਿਉਂਕਿ ਨੇਕੀ ਤੋਂ ਬਿਨਾਂ ਕਿਸੇ ਵਿਅਕਤੀ ਦਾ ਈਮਾਨ ਦਾ ਦਾਅਵਾ ਖੋਖਲਾ ਹੈ।"***

ਹਜ਼ੂਰ ਅਨਵਰ ਨੇ ਫਰਮਾਇਆ ਕਿ ਆਪਣੇ ਪਰਿਵਾਰ ਨਾਲ ਕਿਸੇ ਵਿਅਕਤੀ ਦਾ ਵਰਤਾਅ ਉਸ ਦੇ ਕਿਰਦਾਰ ਅਤੇ ਈਮਾਨ ਨੂੰ ਪਰਖਣ ਦਾ ਇੱਕ ਬਹੁਤ ਮਹੱਤਵਪੂਰਨ ਮਾਪਦੰਡ ਹੈ।

**ਹਜ਼ਰਤ ਮਿਰਜ਼ਾ ਮਸਰੂਰ ਅਹਮਦ ਸਾਹਿਬ** ਨੇ ਫਰਮਾਇਆ:

***"ਅਸਲ ਗੱਲ ਇਨਸਾਨ ਦੇ ਦਿਲ ਦੀ ਹਾਲਤ ਹੈ। ਦਿਲ ਪਾਕ ਹੋਣਾ ਚਾਹੀਦਾ ਹੈ; ਸਿਰਫ਼ ਜ਼ਬਾਨੀ ਦਾਅਵੇ ਕਾਫ਼ੀ ਨਹੀਂ ਹਨ। ਲੋਕ ਜ਼ਾਹਰ ਵਿੱਚ ਬਹੁਤ ਨੇਕ ਨਜ਼ਰ ਆ ਸਕਦੇ ਹਨ, ਬਹੁਤ ਵਧੀਆ ਗੱਲਾਂ ਕਰ ਸਕਦੇ ਹਨ ਅਤੇ ਚੰਗੇ ਭਾਸ਼ਣ ਦੇ ਸਕਦੇ ਹਨ, ਪਰ ਜੇ ਉਹ ਘਰ ਵਿੱਚ ਆਪਣੀਆਂ ਪਤਨੀਆਂ ਅਤੇ ਬੱਚਿਆਂ ਨਾਲ ਚੰਗਾ ਸਲੂਕ ਨਹੀਂ ਕਰਦੇ ਅਤੇ ਉਨ੍ਹਾਂ ਦੀਆਂ ਪਤਨੀਆਂ ਉਨ੍ਹਾਂ ਤੋਂ ਪਰੇਸ਼ਾਨ ਰਹਿੰਦੀਆਂ ਹਨ, ਜਾਂ ਔਰਤਾਂ ਜਾਂ ਮਰਦਾਂ ਦਾ ਵਰਤਾਅ ਇਸਲਾਮੀ ਤਾਲੀਮਾਂ ਦੇ ਵਿਰੁੱਧ ਹੈ, ਤਾਂ ਉਹ ਅੱਲਾਹ ਤਆਲਾ ਦੀ ਨਜ਼ਰ ਵਿੱਚ ਮੋਮਿਨ ਨਹੀਂ ਹਨ।"***

ਆਪਣੇ ਉਦਘਾਟਨੀ ਸੰਬੋਧਨ ਦੇ ਅੰਤ ਵਿੱਚ ਹਜ਼ੂਰ ਅਨਵਰ ਨੇ ਹਾਜ਼ਰੀਨ ਨੂੰ ਨਸੀਹਤ ਕੀਤੀ ਕਿ ਉਹ ਸਿਰਫ਼ ਆਪਣੀਆਂ ਜ਼ਰੂਰਤਾਂ ਨੂੰ ਹੀ ਯਾਦ ਨਾ ਰੱਖਣ, ਸਗੋਂ ਦੁਨੀਆ ਭਰ ਦੇ ਦੁਖੀ ਅਤੇ ਪੀੜਤ ਲੋਕਾਂ ਦੀ ਤਕਲੀਫ਼ ਨੂੰ ਵੀ ਯਾਦ ਰੱਖਣ।

ਹਜ਼ੂਰ ਅਨਵਰ ਨੇ ਫਰਮਾਇਆ:

***"ਇਨ੍ਹਾਂ ਦਿਨਾਂ ਵਿੱਚ ਅੱਲਾਹ ਦੀ ਯਾਦ ਵੱਲ ਵਿਸ਼ੇਸ਼ ਧਿਆਨ ਦਿਓ। ਆਪਣੇ ਲਈ, ਜਮਾਤ ਲਈ ਅਤੇ ਮੁਸਲਿਮ ਦੁਨੀਆ ਲਈ ਬਹੁਤ ਜ਼ਿਆਦਾ ਦੁਆ ਕਰੋ; ਪੂਰੀ ਦੁਨੀਆ ਲਈ ਵੀ ਬਹੁਤ ਜ਼ਿਆਦਾ ਦੁਆ ਕਰੋ। ਅੱਲਾਹ ਲੋਕਾਂ ਨੂੰ ਆਪਣੀ ਪਛਾਣ ਹਾਸਲ ਕਰਨ ਦੀ ਤੌਫ਼ੀਕ ਬਖ਼ਸ਼ੇ ਅਤੇ ਸਾਨੂੰ ਤਬਲੀਗ਼ ਦੇ ਮਕਸਦ ਨੂੰ ਪੂਰਾ ਕਰਨ ਅਤੇ ਨੇਕੀ ਦੇ ਰਾਹ ’ਤੇ ਚੱਲਦਿਆਂ ਉਸ***

*ਦਾ ਸੰਦੇਸ਼ ਪਹੁੰਚਾਉਣ ਦੀ ਤੌਫੀਕ ਦੇਵੇ। ਅੱਲਾਹ ਸਾਡੇ ਲਈ ਅਤੇ ਦੁਨੀਆ ਲਈ ਹਰ ਤਰ੍ਹਾਂ ਦੀ ਸੌਖ ਦੇ ਸਾਧਨ ਪੈਦਾ ਕਰੇ, ਤਾਂ ਜੋ ਦੁਨੀਆ ਨੂੰ ਮੁਸੀਬਤਾਂ ਅਤੇ ਆਫ਼ਤਾਂ ਤੋਂ ਮਹਫ਼ੂਜ਼ ਰੱਖਿਆ ਜਾ ਸਕੇ।"*

ਸ਼ਨੀਵਾਰ ਨੂੰ ਹਜ਼ੂਰ ਅਨਵਰ ਨੇ ਜਲਸਾ ਸਾਲਾਨਾ ਵਿੱਚ ਸ਼ਾਮਲ ਹੋਣ ਵਾਲੀਆਂ ਔਰਤਾਂ ਅਤੇ ਬੱਚੀਆਂ ਨੂੰ ਸਿੱਧੇ ਤੌਰ 'ਤੇ ਸੰਬੋਧਨ ਕੀਤਾ। ਇਸਲਾਮ ਵੱਲੋਂ ਔਰਤਾਂ ਨੂੰ ਦਿੱਤੇ ਗਏ ਮਰਤਬੇ ਅਤੇ ਜ਼ਿੰਮੇਵਾਰੀਆਂ ਬਾਰੇ ਗੱਲ ਕਰਦਿਆਂ ਹਜ਼ੂਰ ਅਨਵਰ ਨੇ ਫਰਮਾਇਆ ਕਿ ਇਸਲਾਮ ਦੇ ਸ਼ੁਰੂਆਤੀ ਦੌਰ ਤੋਂ ਹੀ ਮੁਸਲਿਮ ਔਰਤਾਂ ਨੇ ਇਸਲਾਮ ਦੀ ਖ਼ਿਦਮਤ ਅਤੇ ਪ੍ਰਚਾਰ ਵਿੱਚ ਅਹਿਮ ਭੂਮਿਕਾ ਨਿਭਾਈ ਹੈ ਅਤੇ ਅੱਜ ਔਰਤਾਂ ਨੂੰ ਆਪਣੇ ਧਾਰਮਿਕ ਗਿਆਨ ਅਤੇ ਆਤਮ-ਵਿਸ਼ਵਾਸ ਨੂੰ ਵਧਾਉਣਾ ਚਾਹੀਦਾ ਹੈ ਤਾਂ ਜੋ ਉਹ ਆਪਣੇ ਧਰਮ ਬਾਰੇ ਪੁੱਛੇ ਜਾਣ ਵਾਲੇ ਸਵਾਲਾਂ ਦੇ ਜਵਾਬ ਦੇ ਸਕਣ।

**ਹਜ਼ਰਤ ਮਿਰਜ਼ਾ ਮਸਰੂਰ ਅਹਮਦ ਸਾਹਿਬ** ਨੇ ਫਰਮਾਇਆ:

*"ਇਸ ਦੌਰ ਵਿੱਚ ਔਰਤਾਂ ਨੂੰ ਵੀ ਮਰਦਾਂ ਵਾਂਗ ਤਬਲੀਗ਼ ਦੇ ਮੈਦਾਨ ਵਿੱਚ ਕੋਸ਼ਿਸ਼ ਕਰਨੀ ਚਾਹੀਦੀ ਹੈ ਅਤੇ ਇਹ ਸਾਡੇ ਦੌਰ ਦਾ ਜਿਹਾਦ [ਜੱਦੋਜਹਦ] ਹੈ। ਕੁਰਆਨ ਕਰੀਮ ਵਿੱਚ ਕਿਤੇ ਵੀ ਇਹ ਨਹੀਂ ਕਿਹਾ ਗਿਆ ਅਤੇ ਨਾ ਹੀ ਅੱਲਾਹ ਤਆਲਾ, ਹਜ਼ੂਰ ਅਕਰਮ ਸੱਲੱਲਾਹੁ ਅਲੈਹਿ ਵਸੱਲਮ ਜਾਂ ਹਜ਼ਰਤ ਮਸੀਹ ਮੌਊਦ ਅਲੈਹਿਸ ਸਲਾਮ ਨੇ ਕਦੇ ਇਹ ਫਰਮਾਇਆ ਹੈ ਕਿ ਔਰਤਾਂ ਨੂੰ ਤਬਲੀਗ਼ ਦੇ ਮੈਦਾਨ ਵਿੱਚ ਨਹੀਂ ਆਉਣਾ ਚਾਹੀਦਾ।"*

ਹਜ਼ੂਰ ਅਨਵਰ ਨੇ ਸਪਸ਼ਟ ਕੀਤਾ ਕਿ ਜਿਸ *ਜਿਹਾਦ*[ਜੱਦੋਜਹਦ] ਦਾ ਉਨ੍ਹਾਂ ਨੇ ਜ਼ਿਕਰ ਕੀਤਾ ਹੈ, ਉਹ ਇੱਕ ਅਮਨਪਸੰਦ ਬੌਧਿਕ ਅਤੇ ਰੂਹਾਨੀ ਕੋਸ਼ਿਸ਼ ਹੈ, ਜਿਸ ਰਾਹੀਂ ਗਿਆਨ ਅਤੇ ਆਪਣੇ ਅਮਲ ਦੀ ਮਿਸਾਲ ਪੇਸ਼ ਕਰਕੇ ਇਸਲਾਮ ਦੀਆਂ ਤਾਲੀਮਾਂ ਪਹੁੰਚਾਈਆਂ ਜਾਂਦੀਆਂ ਹਨ।

ਅਹਮਦੀ ਮੁਸਲਿਮ ਔਰਤਾਂ ਨੂੰ ਗਿਆਨ ਅਤੇ ਰੂਹਾਨੀ ਸਮਝ ਦੇ ਸਭ ਤੋਂ ਉੱਚੇ ਮਿਆਰ ਹਾਸਲ ਕਰਨ ਦੀ ਤਾਕੀਦ ਕਰਦਿਆਂ ਹਜ਼ੂਰ ਅਨਵਰ ਨੇ ਫਰਮਾਇਆ:

*"ਔਰਤਾਂ ਨੂੰ ਆਪਣਾ ਗਿਆਨ ਵਧਾਉਣਾ ਚਾਹੀਦਾ ਹੈ… ਉਨ੍ਹਾਂ ਨੂੰ ਗਿਆਨ ਅਤੇ ਰੂਹਾਨੀ ਸਮਝ ਵਿੱਚ ਇੰਨੀ ਤਰੱਕੀ ਕਰਨੀ ਚਾਹੀਦੀ ਹੈ ਕਿ ਉਹ ਸਿਰਫ਼ ਮਰਦਾਂ ਦੇ ਬਰਾਬਰ ਹੀ ਨਾ ਹੋਣ, ਸਗੋਂ ਬੌਧਿਕ ਅਤੇ ਰੂਹਾਨੀ ਮਾਮਲਿਆਂ ਵਿੱਚ ਉਨ੍ਹਾਂ ਤੋਂ ਵੀ ਅੱਗੇ ਨਿਕਲ ਜਾਣ। ਤਦ ਹੀ ਤੁਸੀਂ ਆਪਣੀਆਂ ਆਉਣ ਵਾਲੀਆਂ ਨਸਲਾਂ ਦੀ ਸਹੀ ਤਰਬੀਅਤ ਕਰ ਸਕੋਗੇ।"*

ਹਜ਼ੂਰ ਅਨਵਰ ਨੇ ਫਰਮਾਇਆ ਕਿ ਆਉਣ ਵਾਲੀਆਂ ਨਸਲਾਂ ਦੇ ਕਿਰਦਾਰ ਅਤੇ ਆਤਮ-ਵਿਸ਼ਵਾਸ ਦੀ ਉਸਾਰੀ ਵਿੱਚ ਔਰਤਾਂ ਦੀ ਕੇਂਦਰੀ ਭੂਮਿਕਾ ਹੈ।

**ਹਜ਼ਰਤ ਮਿਰਜ਼ਾ ਮਸਰੂਰ ਅਹਮਦ ਸਾਹਿਬ** ਨੇ ਫਰਮਾਇਆ:

*"ਦੁਨੀਆ ਦੀ ਹਿਫ਼ਾਜ਼ਤ ਕਰਨਾ ਅਤੇ ਇਸਨੂੰ ਬਚਾਉਣਾ ਸਾਡੀ ਜ਼ਿੰਮੇਵਾਰੀ ਹੈ। ਇਸ ਲਈ ਸਾਨੂੰ ਆਪਣੀ ਪੂਰੀ ਤਾਕਤ ਨਾਲ ਕੋਸ਼ਿਸ਼ ਕਰਨੀ ਚਾਹੀਦੀ ਹੈ।"*

ਸ਼ਨੀਵਾਰ ਸ਼ਾਮ ਨੂੰ ਹਜ਼ੂਰ ਅਨਵਰ ਨੇ ਦੁਨੀਆ ਭਰ ਵਿੱਚ ਜਮਾਤ ਅਹਮਦੀਆ ਮੁਸਲਿਮਾ ਦੀ ਤਰੱਕੀ ਬਾਰੇ ਆਪਣੀ ਸਾਲਾਨਾ ਰਿਪੋਰਟ ਪੇਸ਼ ਕੀਤੀ। ਉਨ੍ਹਾਂ ਨੇ ਐਲਾਨ ਕੀਤਾ ਕਿ ਪਿਛਲੇ ਸਾਲ ਦੌਰਾਨ **398 ਨਵੀਆਂ ਸਥਾਨਕ ਜਮਾਤਾਂ** ਕਾਇਮ ਕੀਤੀਆਂ ਗਈਆਂ ਅਤੇ ਜਮਾਤ ਪਹਿਲੀ ਵਾਰ **811 ਨਵੇਂ ਸਥਾਨਾਂ** ਵਿੱਚ ਕਾਇਮ ਹੋਈ। ਕੁੱਲ **172 ਮਸਜਿਦਾਂ** ਬਣਾਈਆਂ ਜਾਂ ਹਾਸਲ ਕੀਤੀਆਂ ਗਈਆਂ ਅਤੇ **127 ਮਿਸ਼ਨ ਹਾਊਸ** ਖੋਲ੍ਹੇ ਗਏ।

ਹਜ਼ੂਰ ਅਨਵਰ ਨੇ ਐਲਾਨ ਕੀਤਾ ਕਿ ਸਾਲ ਦੌਰਾਨ **132 ਦੇਸ਼ਾਂ** ਨਾਲ ਸਬੰਧਤ **670 ਤੋਂ ਵੱਧ ਨਸਲੀ ਸਮੂਹਾਂ ਅਤੇ ਕੌਮੀਅਤਾਂ** ਦੇ **267,596 ਲੋਕ** ਜਮਾਤ ਅਹਮਦੀਆ ਮੁਸਲਿਮਾ ਵਿੱਚ ਸ਼ਾਮਲ ਹੋਏ। ਉਨ੍ਹਾਂ ਨੇ ਇਹ ਵੀ ਦੱਸਿਆ ਕਿ ਹੁਣ ਕੁਰਆਨ ਕਰੀਮ ਦਾ ਜਮਾਤ ਵੱਲੋਂ **79 ਭਾਸ਼ਾਵਾਂ** ਵਿੱਚ ਪ੍ਰਕਾਸ਼ਨ ਹੋ ਚੁੱਕਾ ਹੈ ਅਤੇ **ਲਿਥੂਆਨੀਅਨ** ਸਭ ਤੋਂ ਨਵੀਂ ਪੂਰੀ ਤਰਜਮਾ ਕੀਤੀ ਗਈ ਭਾਸ਼ਾ ਹੈ।

ਸੰਬੋਧਨ ਦਾ ਇੱਕ ਵੱਡਾ ਹਿੱਸਾ ਅਜਿਹੇ ਮਨੁੱਖੀ ਭਲਾਈ ਅਤੇ ਵਿਦਿਅਕ ਉਪਰਾਲਿਆਂ ਬਾਰੇ ਸੀ, ਜਿਨ੍ਹਾਂ ਰਾਹੀਂ ਧਰਮ ਜਾਂ ਪਿਛੋਕੜ ਦੀ ਪਰਵਾਹ ਕੀਤੇ ਬਿਨਾਂ ਲੋਕਾਂ ਦੀ ਸੇਵਾ ਕੀਤੀ ਜਾ ਰਹੀ ਹੈ। ਜਮਾਤ ਅਫ਼ਰੀਕਾ ਦੇ **13 ਦੇਸ਼ਾਂ** ਵਿੱਚ **620 ਪ੍ਰਾਇਮਰੀ ਅਤੇ ਮਿਡਲ ਸਕੂਲ** ਅਤੇ **80 ਸੈਕੰਡਰੀ ਸਕੂਲ** ਚਲਾ ਰਹੀ ਹੈ। ਇਸ ਦੇ ਹਸਪਤਾਲਾਂ ਅਤੇ ਕਲੀਨਿਕਾਂ ਰਾਹੀਂ ਸਾਲ ਦੌਰਾਨ **ਪੰਜ ਲੱਖ ਤੋਂ ਵੱਧ ਮਰੀਜ਼ਾਂ** ਦਾ ਇਲਾਜ ਕੀਤਾ ਗਿਆ।

ਅੰਤਰਰਾਸ਼ਟਰੀ ਚੈਰਿਟੀ ਹਿਊਮੈਨਿਟੀ ਫ਼ਰਸਟ ਦੇ ਕੰਮ ਨੂੰ ਉਜਾਗਰ ਕਰਦਿਆਂ **ਹਜ਼ਰਤ ਮਿਰਜ਼ਾ ਮਸਰੂਰ ਅਹਮਦ ਸਾਹਿਬ** ਨੇ ਫਰਮਾਇਆ:

*"ਹਿਊਮੈਨਿਟੀ ਫ਼ਰਸਟ ਦੇ ਜ਼ਰੀਏ ਸਾਨੂੰ ਕੁੱਲ ਮਿਲਾ ਕੇ 25 ਲੱਖ ਤੋਂ ਵੱਧ ਲੋਕਾਂ ਦੀ ਸੇਵਾ ਕਰਨ ਦੀ ਤੌਫ਼ੀਕ ਮਿਲੀ। 26 ਦੇਸ਼ਾਂ ਵਿੱਚ 30 ਕੁਦਰਤੀ ਆਫ਼ਤਾਂ ਅਤੇ ਜੰਗੀ ਹਾਲਾਤਾਂ ਤੋਂ ਪ੍ਰਭਾਵਿਤ 2 ਲੱਖ ਤੋਂ ਵੱਧ ਲੋਕਾਂ ਨੂੰ ਸਹਾਇਤਾ ਪ੍ਰਦਾਨ ਕੀਤੀ ਗਈ, ਜਿਨ੍ਹਾਂ ਵਿੱਚ ਗਾਜ਼ਾ ਵਿੱਚ ਪ੍ਰਭਾਵਿਤ 1 ਲੱਖ 25 ਹਜ਼ਾਰ ਲੋਕ ਵੀ ਸ਼ਾਮਲ ਹਨ। ਡਾਕਟਰੀ ਇਲਾਜ ਵੀ ਮੁਹੱਈਆ ਕਰਵਾਇਆ ਗਿਆ, ਜਿਸ ਵਿੱਚ ਮੁਫ਼ਤ ਅੱਖਾਂ ਦੀ ਜਾਂਚ ਅਤੇ ਮੋਤੀਆਬਿੰਦ ਦੇ ਓਪਰੇਸ਼ਨ ਵੀ ਸ਼ਾਮਲ ਸਨ।"*

ਹਜ਼ੂਰ ਅਨਵਰ ਨੇ ਜਮਾਤ ਦੇ ਵਧ ਰਹੇ ਮੀਡੀਆ ਅਤੇ ਪ੍ਰਕਾਸ਼ਨ ਦੇ ਕੰਮ ਦਾ ਵੀ ਜ਼ਿਕਰ ਕੀਤਾ। ਇਸ ਦੇ ਟੈਲੀਵਿਜ਼ਨ ਅਤੇ ਰੇਡੀਓ ਪ੍ਰੋਗਰਾਮਾਂ ਨੇ ਅੰਦਾਜ਼ਨ 23 ਕਰੋੜ ਲੋਕਾਂ ਤੱਕ ਪਹੁੰਚ ਬਣਾਈ, ਜਦਕਿ ਅਖ਼ਬਾਰਾਂ ਵਿੱਚ ਪ੍ਰਕਾਸ਼ਿਤ ਸਮੱਗਰੀ ਦੇ ਸੰਭਾਵਿਤ ਪਾਠਕਾਂ ਦੀ ਗਿਣਤੀ ਲਗਭਗ 18 ਕਰੋੜ ਸੀ। ਹਜ਼ੂਰ ਅਨਵਰ ਨੇ ਫਰਮਾਇਆ ਕਿ ਇਹ ਤਰੱਕੀ ਮਨੁੱਖੀ ਤਾਕਤ ਜਾਂ ਦੌਲਤ ਦਾ ਨਤੀਜਾ ਨਹੀਂ, ਸਗੋਂ ਅੱਲਾਹ ਦੀਆਂ ਬਰਕਤਾਂ ਦਾ ਨਤੀਜਾ ਹੈ।

ਐਤਵਾਰ ਨੂੰ ਹਜ਼ੂਰ ਅਨਵਰ ਨੇ ਜਲਸੇ ਦੇ ਸਮਾਪਤੀ ਸੰਬੋਧਨ ਵਿੱਚ ਫਰਮਾਇਆ। ਉਨ੍ਹਾਂ ਨੇ ਵਫ਼ਾਦਾਰੀ ਦੇ ਅਹਦ, ਜਿਸ ਨੂੰ ਬੈਅਤ ਕਿਹਾ ਜਾਂਦਾ ਹੈ, ਬਾਰੇ ਵਿਆਖਿਆ ਕਰਦਿਆਂ ਫਰਮਾਇਆ ਕਿ ਇਹ ਅਸਲ ਅਤੇ ਸਥਾਈ ਨੈਤਿਕ ਅਤੇ ਰੂਹਾਨੀ ਤਬਦੀਲੀ ਦਾ ਤਕਾਜ਼ਾ ਕਰਦਾ ਹੈ। ਜੋ ਵਿਅਕਤੀ ਦੁਨਿਆਵੀ ਹਿਤਾਂ ਉੱਤੇ ਧਰਮ ਨੂੰ ਤਰਜੀਹ ਦੇਣ ਦਾ ਅਹਦ ਕਰਦਾ ਹੈ, ਉਸ ਨੂੰ ਇੱਕੋ-ਇੱਕ ਅੱਲਾਹ ਦੀ ਇਬਾਦਤ ਕਰਨ, ਦੂਜਿਆਂ ਦੇ ਹੱਕ ਅਦਾ ਕਰਨ ਅਤੇ ਹਰ ਕਿਸਮ ਦੇ ਝੂਠ, ਨਾਇੰਸਾਫ਼ੀ, ਹੰਕਾਰ ਅਤੇ ਜ਼ੁਲਮ ਨੂੰ ਛੱਡਣ ਲਈ ਕੋਸ਼ਿਸ਼ ਕਰਨੀ ਚਾਹੀਦੀ ਹੈ।

ਦੁਨੀਆ ਦੇ ਵਿਆਪਕ ਹਾਲਾਤ ਵੱਲ ਧਿਆਨ ਦਿਵਾਉਂਦਿਆਂ ਹਜ਼ੂਰ ਅਨਵਰ ਨੇ ਫਰਮਾਇਆ ਕਿ ਅੰਤਰਰਾਸ਼ਟਰੀ ਮਾਮਲਿਆਂ ਅਤੇ ਸਿਆਸਤ ਵਿੱਚ ਬੇਇਮਾਨੀ ਡੂੰਘੀਆਂ ਜੜ੍ਹਾਂ ਬਣਾ ਚੁੱਕੀ ਹੈ।

**ਹਜ਼ਰਤ ਮਿਰਜ਼ਾ ਮਸਰੂਰ ਅਹਮਦ ਸਾਹਿਬ** ਨੇ ਫਰਮਾਇਆ:

*"ਅੱਜ ਅਸੀਂ ਦੇਖਦੇ ਹਾਂ ਕਿ ਝੂਠ ਹੀ ਮਾਨੋ ਦੁਨੀਆ ਉੱਤੇ ਹਕੂਮਤ ਕਰਦਾ ਨਜ਼ਰ ਆਉਂਦਾ ਹੈ। ਕੌਮਾਂਤਰੀ ਸਿਆਸਤ, ਕੌਮੀ ਸਿਆਸਤ ਜਾਂ ਲੋਕਾਂ ਦੇ ਇੱਕ-ਦੂਜੇ ਨਾਲ ਸਮਾਜਿਕ ਸਬੰਧਾਂ ਨੂੰ ਵੇਖੋ: ਲੋਕ ਸਮਝਦੇ ਹਨ ਕਿ ਝੂਠ ਦਾ ਸਹਾਰਾ ਲਏ ਬਿਨਾਂ ਕੁਝ ਵੀ ਹਾਸਲ ਨਹੀਂ ਕੀਤਾ ਜਾ ਸਕਦਾ।"*

ਹਜ਼ੂਰ ਅਨਵਰ ਨੇ ਫਰਮਾਇਆ ਕਿ ਇੱਕ ਮੋਮਿਨ ਨੂੰ ਸੱਚਾਈ ਦਾ ਨਿਰਧਾਰਨ ਲੋਕਪ੍ਰਿਅਤਾ ਜਾਂ ਸਿਆਸੀ ਸਹੂਲਤ ਦੇ ਆਧਾਰ 'ਤੇ ਨਹੀਂ ਕਰਨ ਦੇਣਾ ਚਾਹੀਦਾ।

ਹਜ਼ੂਰ ਅਨਵਰ ਨੇ ਫਰਮਾਇਆ:

*"ਇੱਕ ਮੋਮਿਨ ਨੂੰ ਇਹ ਵਿਚਾਰ ਕਰਨਾ ਚਾਹੀਦਾ ਹੈ ਕਿ ਹਕੀਕਤ ਕੀ ਹੈ ਅਤੇ ਸੱਚ ਕੀ ਹੈ। ਉਸ ਨੂੰ ਇਹ ਨਹੀਂ ਦੇਖਣਾ ਚਾਹੀਦਾ ਕਿ ਉਸ ਦੇ ਆਲੇ-ਦੁਆਲੇ ਦੇ ਲੋਕ ਕੀ ਕਹਿ ਰਹੇ ਹਨ। ਸਾਨੂੰ ਇਹ ਵਿਚਾਰ ਕਰਨਾ ਚਾਹੀਦਾ ਹੈ ਕਿ ਅੱਲਾਹ ਤਆਲਾ ਸਾਨੂੰ ਕੀ ਫਰਮਾਉਂਦਾ ਹੈ। ਜੇ ਅਸੀਂ ਅਜਿਹਾ ਕਰਨ ਵਿੱਚ ਨਾਕਾਮ ਰਹਿੰਦੇ ਹਾਂ ਤਾਂ ਸਾਡਾ ਈਮਾਨ ਮੁਕੰਮਲ ਨਹੀਂ ਹੈ।"*

ਹਜ਼ੂਰ ਅਨਵਰ ਨੇ ਬਦਲੇ ਦੀ ਭਾਵਨਾ ਦੀ ਵੀ ਨਿੰਦਾ ਕੀਤੀ। ਉਨ੍ਹਾਂ ਨੇ ਫਰਮਾਇਆ ਕਿ ਸਥਾਈ ਅਮਨ ਲਈ ਇਹ ਜ਼ਰੂਰੀ ਹੈ ਕਿ ਲੋਕ ਅਤੇ ਕੌਮਾਂ ਦੁਸ਼ਮਣੀ ਦੀ ਥਾਂ ਰਹਿਮ ਅਤੇ ਹਮਦਰਦੀ ਨੂੰ ਅਪਣਾਉਣ ਅਤੇ ਦੂਜਿਆਂ ਦੀ ਸਾਂਝੀ ਮਨੁੱਖਤਾ ਨੂੰ ਪਛਾਣਨ।

**ਹਜ਼ਰਤ ਮਿਰਜ਼ਾ ਮਸਰੂਰ ਅਹਮਦ ਸਾਹਿਬ** ਨੇ ਫਰਮਾਇਆ:

*"ਇਸ ਲਈ ਜੇ ਤੁਸੀਂ ਦੁਨੀਆ ਵਿੱਚ ਅਮਨ ਕਾਇਮ ਕਰਨਾ ਚਾਹੁੰਦੇ ਹੋ ਤਾਂ ਤੁਹਾਨੂੰ ਹਮਦਰਦੀ ਅਤੇ ਰਹਿਮ ਦਾ ਮਾਹੌਲ ਪੈਦਾ ਕਰਨਾ ਚਾਹੀਦਾ ਹੈ, ਪਿਆਰ ਅਤੇ ਮੁਹੱਬਤ ਨਾਲ ਮਿਲ-ਜੁਲ ਕੇ ਰਹਿਣਾ ਚਾਹੀਦਾ ਹੈ ਅਤੇ ਸਿਰਫ਼ ਇੱਕ-ਦੂਜੇ ਨਾਲ ਹੀ ਨਹੀਂ, ਸਗੋਂ ਹਰ ਇਨਸਾਨ ਨਾਲ ਪਿਆਰ ਕਰਨਾ ਚਾਹੀਦਾ ਹੈ।"*

ਹਜ਼ੂਰ ਅਨਵਰ ਨੇ ਫਰਮਾਇਆ ਕਿ ਜੇ ਅਹਮਦੀ ਮੁਸਲਮਾਨ ਆਪਣੀ ਬੈਅਤ ਦੇ ਅਹਦਾਂ ਨੂੰ ਪੂਰਾ ਕਰਨ, ਤਾਂ ਉਨ੍ਹਾਂ ਦੀ ਮਿਸਾਲ ਅਤੇ ਅਮਨਪਸੰਦ ਸੰਦੇਸ਼ ਧਾਰਮਿਕ ਕੱਟੜਪੰਥ ਅਤੇ ਧਰਮ ਵਿਰੋਧੀ ਦੁਸ਼ਮਣੀ ਦੋਵਾਂ ਦਾ ਮੁਕਾਬਲਾ ਕਰਨ ਵਿੱਚ ਮਦਦਗਾਰ ਸਾਬਤ ਹੋ ਸਕਦਾ ਹੈ।

**ਹਜ਼ਰਤ ਮਿਰਜ਼ਾ ਮਸਰੂਰ ਅਹਮਦ ਸਾਹਿਬ** ਨੇ ਫਰਮਾਇਆ:

*"ਜੇ ਅਸੀਂ ਆਪਣੇ ਅੰਦਰ ਇੱਕ ਪਾਕ ਤਬਦੀਲੀ ਪੈਦਾ ਕਰੀਏ, ਆਪਣੀ ਬੈਅਤ ਦੇ ਅਹਦਾਂ ਨੂੰ ਪੂਰਾ ਕਰੀਏ ਅਤੇ ਇਸ ਦੀਆਂ ਸਾਰੀਆਂ ਸ਼ਰਤਾਂ ਉੱਤੇ ਪੂਰੀ ਤਰ੍ਹਾਂ ਅਮਲ ਕਰੀਏ, ਤਾਂ ਅਸੀਂ ਨਾ ਸਿਰਫ਼ ਆਪਣੇ ਵਿਚਕਾਰ ਇੱਕ ਪਾਕ ਸਮਾਜ ਕਾਇਮ ਕਰਾਂਗੇ, ਸਗੋਂ ਇਸਲਾਮ ਦੇ ਸੱਚੇ ਅਤੇ ਅਮਨਪਸੰਦ ਸੰਦੇਸ਼ ਨੂੰ ਫੈਲਾ ਕੇ ਮੁਸਲਮਾਨਾਂ, ਗੈਰ-ਮੁਸਲਮਾਨਾਂ, ਇਸਲਾਮ ਦੇ ਵਿਰੋਧੀਆਂ ਅਤੇ ਇੱਥੋਂ ਤੱਕ ਕਿ ਨਾਸ਼ਤਿਕਾਂ ਤੱਕ ਵੀ ਅਜਿਹੀ ਤਾਲੀਮ ਪਹੁੰਚਾਵਾਂਗੇ ਜੋ ਆਖ਼ਰਕਾਰ ਉਨ੍ਹਾਂ ਨੂੰ ਯਕੀਨ ਦਿਵਾਏਗੀ ਕਿ ਅਹਮਦੀ ਇੱਕੋ-ਇੱਕ ਅੱਲਾਹ ਦੀ ਹਕੂਮਤ ਕਾਇਮ ਕਰਨਾ ਅਤੇ ਉੱਚੇ ਤੋਂ ਉੱਚੇ ਨੈਤਿਕ ਮੁੱਲਾਂ ਨੂੰ ਕਾਇਮ ਰੱਖਣਾ ਚਾਹੁੰਦੇ ਹਨ, ਤਾਂ ਜੋ ਦੁਨੀਆ ਬਦਅਮਨੀ ਦਾ ਟਿਕਾਣਾ ਨਾ ਬਣੇ ਸਗੋਂ ਅਮਨ ਅਤੇ ਸੁਰੱਖਿਆ ਦੀ ਪਨਾਹਗਾਹ ਬਣ ਜਾਵੇ।"*

ਆਪਣੇ ਸਮਾਪਤੀ ਸ਼ਬਦਾਂ ਵਿੱਚ ਹਜ਼ੂਰ ਅਨਵਰ ਨੇ ਇੱਕ ਵਾਰ ਫਿਰ ਅਹਮਦੀ ਮੁਸਲਮਾਨਾਂ ਦਾ ਧਿਆਨ ਸਾਰੀ ਮਨੁੱਖਤਾ ਦੇ ਅਮਨ ਅਤੇ ਸੁਰੱਖਿਆ ਵੱਲ ਦਿਵਾਇਆ।

**ਹਜ਼ਰਤ ਮਿਰਜ਼ਾ ਮਸਰੂਰ ਅਹਮਦ ਸਾਹਿਬ** ਨੇ ਫਰਮਾਇਆ:

*"ਸਾਰੀ ਦੁਨੀਆ ਦੇ ਅਮਨ ਅਤੇ ਸੁਰੱਖਿਆ ਲਈ ਦੁਆ ਕਰੋ ਅਤੇ ਮੁਸਲਮਾਨਾਂ ਦੇ ਬਚਾਅ ਅਤੇ ਸੁਰੱਖਿਆ ਲਈ ਵੀ ਦੁਆ ਕਰੋ। ਅੱਲਾਹ ਤਆਲਾ ਹਰ ਅਹਮਦੀ ਨੂੰ ਇਹ ਸਮਰੱਥਾ ਬਖ਼ਸ਼ੇ ਕਿ ਉਹ ਦੁਨੀਆ ਵਿੱਚ ਇੱਕੋ-ਇੱਕ ਅੱਲਾਹ ਦੀ ਹਕੂਮਤ ਕਾਇਮ ਕਰਨ ਅਤੇ ਦੁਨੀਆ ਭਰ ਵਿੱਚ ਅਮਨ ਅਤੇ ਸੁਰੱਖਿਆ ਫੈਲਾਉਣ ਵਿੱਚ ਆਪਣਾ ਪੂਰਾ ਹਿੱਸਾ ਪਾ ਸਕੇ। ਅੱਲਾਹ ਸਾਨੂੰ ਸਾਰਿਆਂ ਨੂੰ ਅਜਿਹਾ ਕਰਨ ਦੀ ਤੌਫ਼ੀਕ ਬਖ਼ਸ਼ੇ।"*

ਇਸ ਤੋਂ ਬਾਅਦ ਹਜ਼ੂਰ ਅਨਵਰ ਨੇ ਸਾਰਿਆਂ ਨੂੰ ਆਪਣੇ ਨਾਲ ਖ਼ਾਮੋਸ਼ ਦੁਆ ਵਿੱਚ ਸ਼ਾਮਲ ਹੋਣ ਦੀ ਤਾਕੀਦ ਕੀਤੀ। ਦੁਆ ਤੋਂ ਬਾਅਦ ਹਜ਼ੂਰ ਅਨਵਰ ਨੇ ਐਲਾਨ ਕੀਤਾ ਕਿ **ਜਲਸਾ ਸਾਲਾਨਾ ਯੂਕੇ 2026 ਵਿੱਚ ਹਾਜ਼ਰੀ 51,181** ਤੱਕ ਪਹੁੰਚ ਗਈ ਹੈ। ਇਸ ਤੋਂ ਬਾਅਦ ਵੱਖ-ਵੱਖ ਸਮੂਹਾਂ ਵੱਲੋਂ ਨਜ਼ਮਾਂ ਪੇਸ਼ ਕੀਤੀਆਂ ਗਈਆਂ ਅਤੇ ਫਿਰ ਹਜ਼ੂਰ ਅਨਵਰ ਰੁਖ਼ਸਤ ਹੋ ਗਏ, ਜਿਸ ਨਾਲ **60ਵੀਂ ਜਲਸਾ ਸਾਲਾਨਾ ਯੂਕੇ** ਦਾ ਸਮਾਪਨ ਹੋਇਆ।




**<u>Tariq Ahmad K</u>**
Incharge Press & Media,
Ahmadiyya Muslim Jama'at India.